# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 13-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਛੇ ਰਾਜਾਂ ਲਈ ਰਾਜਪਾਲ ਨਿਯੁਕਤ ਕੀਤੇ ਨੇ।

- ਭਾਰਤ ਅੱਜ ਨਵੀਂ ਦਿੱਲੀ ਵਿੱਚ BIMSTEC ਗ੍ਰਹਿ ਮੰਤਰੀਆਂ ਦੀ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- ਚੋਣ ਕਮਿਸ਼ਨ ਨੇ ਸਾਰੇ ਯੋਗ ਵੋਟਰਾਂ ਦਾ ਨਾਂ ਵੋਟਰ ਸੂਚੀ ‘ਚ ਯਕੀਨੀ ਬਣਾਉਣ ਲਈ ਦੇਸ਼ ਭਰ ‘ਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ।

- ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਨੇੜੇ ਘੁਸਪੈਠ ਦੀ ਕੋਸ਼ਿਸ਼ ਦੌਰਾਨ ਹੋਏ ਬਾਰੂਦੀ ਸੁਰੰਗ ਧਮਾਕੇ ਵਿੱਚ ਲਸ਼ਕਰ-ਏ-ਤਾਇਬਾ ਦੇ ਇੱਕ ਚੋਟੀ ਦੇ ਕਮਾਂਡਰ ਸਮੇਤ ਚਾਰ ਦਹਿਸ਼ਤਗਰਦ ਮਾਰੇ ਗਏ।

- ਡੈਨਮਾਰਕ ਓਪਨ ਬੈਡਮਿੰਟਨ ਟੂਰਨਾਮੈਂਟ ਅੱਜ ਓਡੇਂਸ ਵਿਖੇ ਸ਼ੁਰੂ ਹੋ ਰਿਹਾ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਛੇ ਰਾਜਾਂ ਲਈ ਰਾਜਪਾਲ ਨਿਯੁਕਤ ਕੀਤੇ ਨੇ. ਸਿੱਕਮ ਦੇ ਰਾਜਪਾਲ ਓਮ ਪ੍ਰਕਾਸ਼ ਮਾਥੁਰ ਹੁਣ ਕੇਰਲਮ ਦੇ ਨਵੇਂ ਰਾਜਪਾਲ ਹੋਣਗੇ। ਕੇਰਲਮ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੂੰ ਤਾਮਿਲਨਾਡੂ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਏ । ਬ੍ਰਿਜ ਮੋਹਨ ਰਾਮ ਨੂੰ ਓਡੀਸ਼ਾ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਏ, ਜਦੋਂ ਕਿ ਡਾ. ਸੁਧਾ ਯਾਦਵ ਕਰਨਾਟਕ ਦੇ ਰਾਜਪਾਲ ਹੋਣਗੇ। ਡਾ. ਢਾਲ ਸਿੰਘ ਬਿਸੇਨ ਨੂੰ ਉੱਤਰਾਖੰਡ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਏ, ਜਦੋਂ ਕਿ ਦੁਸ਼ਯੰਤ ਗੌਤਮ ਸਿੱਕਮ ਦੇ ਰਾਜਪਾਲ ਹੋਣਗੇ। ਸਾਰੀਆਂ ਨਿਯੁਕਤੀਆਂ ਅਹੁਦਾ ਸੰਭਾਲਣ ਦੀਆਂ ਤਰੀਕਾਂ ਤੋਂ ਪ੍ਰਭਾਵੀ ਹੋਣਗੀਆਂ।

---

ਭਾਰਤ ਅੱਜ ਨਵੀਂ ਦਿੱਲੀ ਵਿੱਚ BIMSTEC ਗ੍ਰਹਿ ਮੰਤਰੀਆਂ ਦੀ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਮੀਟਿੰਗ ਵਿੱਚ ਦਹਿਸ਼ਤਗਰਦੀ, ਅੰਤਰਰਾਸ਼ਟਰੀ ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ, ਤਸਕਰੀ, ਗੈਰ-ਕਾਨੂੰਨੀ ਮਾਲੀ ਲੈਣ-ਦੇਣ ਅਤੇ ਸਾਈਬਰ ਖਤਰਿਆਂ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਕਿਹਾ ਕਿ ਇਹ ਮੀਟਿੰਗ ਦਹਿਸ਼ਤਗਰਦੀ ਅਤੇ ਸੰਗਠਿਤ ਅਪਰਾਧ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ BIMSTEC ਦੇਸ਼ਾਂ ਦੇ ਸਾਂਝੇ ਅਹਿਦ ਨੂੰ ਦਰਸਾਉਂਦੀ ਏ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਦੇਸ਼ ਆਪਸੀ ਤਾਲਮੇਲ ਰਾਹੀਂ, ਬਿਮਸਟੈਕ ਖੇਤਰ ਨੂੰ ਵਧੇਰੇ ਸੁਰੱਖਿਅਤ ਅਤੇ ਮਜ਼ਬੂਤ ਬਣਾਉਣ ਲਈ ਵਚਨਬੱਧ ਨੇ।

ਬੰਗਾਲ ਦੀ ਖਾੜੀ ਬਹੁ-ਖੇਤਰੀ ਤਕਨੀਕੀ ਅਤੇ ਆਰਥਿਕ ਸਹਿਯੋਗ ਪਹਿਲਕਦਮੀ - BIMSTEC ਇੱਕ ਖੇਤਰੀ ਸੰਗਠਨ  ਏ, ਜਿਸ ਵਿੱਚ ਬੰਗਲਾਦੇਸ਼, ਭੂਟਾਨ, ਭਾਰਤ, ਮਿਆਂਮਾ, ਨੇਪਾਲ, ਸ੍ਰੀਲੰਕਾ ਅਤੇ ਥਾਈਲੈਂਡ ਸ਼ਾਮਲ ਨੇ। ਇਸ ਦਾ ਉਦੇਸ਼, ਬੰਗਾਲ ਦੀ ਖਾੜੀ ਨਾਲ ਲੱਗਦੇ ਦੇਸ਼ਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਆਰਥਿਕ ਅਤੇ ਤਕਨੀਕੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਏ।

---

ਵਪਾਰ ਅਤੇ ਸਨਅਤ ਮੰਤਰੀ, ਪੀਯੂਸ਼ ਗੋਇਲ ਨੇ ਕਿਹਾ ਏ ਕਿ ਦੇਸ਼ ਦੇ ਨੌਜਵਾਨਾਂ ਨੂੰ ਨਵੇਂ ਵਿਚਾਰਾਂ, ਨਵੀਆਂ ਕਾਢਾਂ ਅਤੇ ਸਪੱਸ਼ਟ ਟੀਚਿਆਂ ਨਾਲ, ਭਾਰਤ ਦੀ ਵਿਕਾਸ ਯਾਤਰਾ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਏ। ਕੱਲ੍ਹ ਨਵੀਂ ਦਿੱਲੀ ਵਿੱਚ 'ਦਿੱਲੀ ਸੰਵਾਦ-2026' ਨੂੰ ਸੰਬੋਧਨ ਕਰਦਿਆਂ, ਸ੍ਰੀ ਗੋਇਲ ਨੇ ਆਲਮੀ ਚੁਣੌਤੀਆਂ ਦੇ ਬਾਵਜੂਦ, ਭਾਰਤ ਦੀ ਤਰੱਕੀ ਅਤੇ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ 'ਤੇ ਚਾਨਣਾ ਪਾਇਆ -

**BYTE: PIYUSH GOYAL**

---------------------------------------------------------------

ਭਾਰਤ ਦੇ ਚੋਣ ਕਮਿਸ਼ਨ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਇੱਕ ਸਰਗਰਮ ਮੁਹਿੰਮ ਸ਼ੁਰੂ ਕੀਤੀ ਏ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਯੋਗ ਵੋਟਰ ਵੋਟਰ ਸੂਚੀ ਤੋਂ ਬਾਹਰ ਨਾ ਰਹੇ। ਰਾਸ਼ਟਰੀ ਰਾਜਧਾਨੀ ਵਿੱਚ 13 ਜ਼ਿਲ੍ਹਾ ਚੋਣ ਅਧਿਕਾਰੀ, 70 ਚੋਣ ਰਜਿਸਟ੍ਰੇਸ਼ਨ ਅਧਿਕਾਰੀ ਅਤੇ ਇੱਕ ਹਜ਼ਾਰ 313 ਬੀ.ਐਲ.ਓ ਸੁਪਰਵਾਈਜ਼ਰ ਅਤੇ 14 ਹਜ਼ਾਰ ਨੌਂ ਸੌ ਤੋਂ ਵੱਧ ਬੂਥ ਲੈਵਲ ਅਧਿਕਾਰੀ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੰਮ ਕਰ ਰਹੇ ਨੇ. ਦਿੱਲੀ ਦੇ ਸੀਈਓ ਨੇ ਦੱਸਿਆ ਏ ਕਿ ਅਗਲੇ ਵਿਸ਼ੇਸ਼ ਕੈਂਪ ਇਸ ਮਹੀਨੇ ਦੀ 18 ਤਰੀਕ ਨੂੰ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਲਾਏ ਜਾਣਗੇ। ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵਿਸ਼ੇਸ਼ ਕੈਂਪ ਲਾਏ ਜਾ ਰਹੇ ਨੇ.

ਪੰਜਾਬ ਵਿੱਚ, ਸਾਰੇ 117 ਵਿਧਾਨ ਸਭਾ ਹਲਕਿਆਂ ਦੀਆਂ ਅੰਤਿਮ ਵੋਟਰ ਸੂਚੀਆਂ, ਵਿਸ਼ੇਸ਼ ਗਹਿਨ ਸੋਧ (SIR) ਤੋਂ ਬਾਅਦ ਕੱਲ੍ਹ ਪ੍ਰਕਾਸ਼ਿਤ ਕੀਤੀਆਂ ਗਈਆਂ।

13 ਅਗਸਤ, 2026 ਨੂੰ ਪਹਿਲਾਂ ਪ੍ਰਕਾਸ਼ਿਤ ਖਰੜਾ ਸੂਚੀ ਵਿੱਚ ਦੱਸੇ ਗਏ 1 ਕਰੋੜ 93 ਲੱਖ 94 ਹਜ਼ਾਰ 435 ਦੇ ਮੁਕਾਬਲੇ, ਸੂਬੇ ਵਿੱਚ ਵੋਟਰਾਂ ਦੀ ਕੁੱਲ ਗਿਣਤੀ 2 ਕਰੋੜ 10 ਲਖ ਤੋਂ ਵੱਧ ਹੋ ਗਈ ਏ, ਜਿਨ੍ਹਾਂ ਵਿੱਚ 506 ਟਰਾਂਸਜੈਂਡਰ ਵੀ ਸ਼ਾਮਲ ਨੇ। ਇਹ, 3.64 ਫੀਸਦੀ ਦੇ ਵਾਧੇ ਨੂੰ ਦਰਸਾਉਂਦਾ ਏ।

ਇਹ ਯੋਗ ਵੋਟਰ ਹੁਣ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਵੋਟ ਦੀ ਵਰਤੋਂ ਕਰ ਸਕਣਗੇ।

ਅੰਤਿਮ ਵੋਟਰ ਸੂਚੀਆਂ ਜ਼ਿਲ੍ਹਾ ਚੋਣ ਅਧਿਕਾਰੀਆਂ, EROs ਅਤੇ BLOs ਦੇ ਦਫ਼ਤਰਾਂ 'ਤੇ ਉਪਲਬਧ ਨੇ । ਇਹਨਾਂ ਨੂੰ ਮੁੱਖ ਚੋਣ ਅਧਿਕਾਰੀ, ਪੰਜਾਬ ਦੀ ਅਧਿਕਾਰਤ ਵੈੱਬਸਾਈਟ ਅਤੇ ਨਾਗਰਿਕ ਸੇਵਾ ਪੋਰਟਲ voters.eci.gov.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਏ।

ਵੇਰਵੇ ਸਾਂਝੇ ਕਰਦਿਆਂ, ਪੰਜਾਬ ਦੇ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨੇ ਦੱਸਿਆ ਕਿ ਸਾਰੇ ਯੋਗ ਵੋਟਰਾਂ ਤੱਕ ਪਹੁੰਚਣ ਲਈ ਹਰ ਸੰਭਵ ਯਤਨ ਕੀਤੇ ਗਏ ਨੇ।

--------------------------------------------------------

ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਕੱਲ੍ਹ ਕੰਟਰੋਲ ਰੇਖਾ ਨੇੜੇ ਘੁਸਪੈਠ ਦੀ ਕੋਸ਼ਿਸ਼ ਦੌਰਾਨ ਹੋਏ ਬਾਰੂਦੀ ਸੁਰੰਗ ਧਮਾਕੇ ਵਿੱਚ ਲਸ਼ਕਰ-ਏ-ਤਾਇਬਾ ਦੇ ਇੱਕ ਚੋਟੀ ਦੇ ਕਮਾਂਡਰ ਸਮੇਤ ਚਾਰ ਦਹਿਸ਼ਤਗਰਦ ਮਾਰੇ ਗਏ। ਉਨ੍ਹਾਂ ਦੀ ਪਛਾਣ ਲਸ਼ਕਰ ਦੇ ਚੋਟੀ ਦੇ ਕਮਾਂਡਰ ਮੁਹੰਮਦ ਫੈਜ਼ਾਨ, ਮੁਹੰਮਦ ਇਸ਼ਤਿਆਕ, ਮੁਹੰਮਦ ਵਕਾਸ ਅਤੇ ਮੁਹੰਮਦ ਅਸੀਮ ਵਜੋਂ ਹੋਈ ਏ। ਇਹ ਸਾਰੇ ਪਾਕਿਸਤਾਨੀ ਕਬਜ਼ੇ ਵਾਲੇ ਪੁੰਛ ਜ਼ਿਲ੍ਹੇ ਦੀ ਹਾਜੀਰਾ ਤਹਿਸੀਲ ਦੇ ਮੰਡਲਾ, ਮਡਾਰਪੁਰ ਦੇ ਵਸਨੀਕ ਸਨ।

ਦਹਿਸ਼ਤਗਰਦਾਂ ਦਾ ਸਮੂਹ ਕੱਲ੍ਹ ਦੁਪਹਿਰ ਬਾਅਦ ਕ੍ਰਿਸ਼ਨਾ ਘਾਟੀ ਸੈਕਟਰ ਦੇ ਨਾਂਗੀ ਟਕਰੀ ਇਲਾਕੇ ਵਿੱਚ ਕੰਟਰੋਲ ਰੇਖਾ ਪਾਰ ਕਰਨ ਦੀ ਕੋਸ਼ਿਸ਼ ਵਿਚ ਸੀ, ਤੇ ਦਹਿਸ਼ਤਗਰਦਾਂ ਦਾ ਪੈਰ ਇੱਕ ਬਾਰੂਦੀ ਸੁਰੰਗ 'ਤੇ ਪੈ ਗਿਆ, ਜਿਸ ਨਾਲ ਚਾਰੇ ਦਹਿਸ਼ਤਗਰਦ ਮੌਕੇ 'ਤੇ ਹੀ ਮਾਰੇ ਗਏ। ਧਮਾਕੇ ਦੀ ਸਹੀ ਜਗ੍ਹਾ ਨਾਂਗੀ ਟਕਰੀ ਇਲਾਕੇ ਵਿੱਚ ਸਤਵਾਲ ਨਕੀ ਏ, ਜਿੱਥੋਂ ਸਰਹੱਦ ਪਾਰ ਤੋਂ ਦਹਿਸ਼ਤਗਰਦ ਭਾਰਤ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਨੇ।

---------------------------------------------------

ਭਾਰਤ ਵਿੱਚ ਇੰਟਰਨੈੱਟ ਖਪਤਕਾਰਾਂ ਦੀ ਗਿਣਤੀ ਇਸ ਸਾਲ ਜੂਨ ਦੇ ਅਖੀਰ ਤੱਕ ਵਧ ਕੇ, 111 ਕਰੋੜ 41 ਲੱਖ ਤੋਂ ਵੱਧ ਹੋ ਗਈ, ਜਦੋਂ ਕਿ ਮਾਰਚ 2026 ਦੇ ਅਖੀਰ ਤੱਕ ਇਹ ਗਿਣਤੀ ਕਰੀਬ 109 ਕਰੋੜ 28 ਲੱਖ ਸੀ। ਇਸ ਵਿਕਾਸ ਦਰ ਵਿੱਚ ਤਿਮਾਹੀ ਆਧਾਰ 'ਤੇ 96 ਫੀਸਦੀ

ਵਾਧਾ ਦਰਜ ਕੀਤਾ ਗਿਆ ਏ। ਭਾਰਤੀ ਦੂਰਸੰਚਾਰ ਨੇਮਬਧੀ ਅਥਾਰਟੀ ਨੇ ਆਪਣੀ ਭਾਰਤੀ ਦੂਰਸੰਚਾਰ ਸੇਵਾ ਕਾਰਗੁਜ਼ਾਰੀ ਸੂਚਕੰਕ ਰਿਪੋਰਟ ਵਿੱਚ, ਦੱਸਿਆ ਏ ਕਿ ਕੁੱਲ ਇੰਟਰਨੈੱਟ ਖਪਤਕਾਰਾਂ ਵਿੱਚੋਂ 4 ਕਰੋੜ 77 ਲੱਖ ਤੋਂ ਵੱਧ wired ਇੰਟਰਨੈੱਟ ਖਪਤਕਾਰ ਅਤੇ ਕਰੀਬ 106 ਕਰੋੜ 64 ਲੱਖ ਵਾਇਰਲੈੱਸ ਇੰਟਰਨੈੱਟ ਗਾਹਕ ਨੇ। ਇੰਟਰਨੈੱਟ ਖਪਤਕਾਰ ਆਧਾਰ ਵਿੱਚ, Broadband ਅਤੇ ਨੈਰੋਬੈਂਡ, ਦੋਵੇਂ ਤਰ੍ਹਾਂ ਦੇ ਗਾਹਕ ਸ਼ਾਮਲ ਨੇ।

---

ਕੇਂਦਰ ਸਰਕਾਰ ਨੇ ਕੈਂਸਰ ਵਿਰੋਧੀ ਦਵਾਈਆਂ 'ਤੇ ਮੁਨਾਫ਼ੇ ਨੂੰ ਵੱਧ ਤੋਂ ਵੱਧ ਪ੍ਰਚੂਨ ਕੀਮਤ ਦੇ 30 ਫੀਸਦੀ ਤੱਕ ਸੀਮਿਤ ਕਰਨ ਦਾ ਫੈਸਲਾ ਕੀਤਾ ਏ। ਕੇਂਦਰ ਨੇ ਸੁਪਰੀਮ ਕੋਰਟ ਨੂੰ ਇਸ ਫੈਸਲੇ ਦੀ ਜਾਣਕਾਰੀ ਦਿੱਤੀ। ਅਦਾਲਤ ਨੇ ਫਾਰਮਾਸਿਊਟੀਕਲ ਸੈਕਟਰ ਵਿੱਚ ਦਵਾਈਆਂ ਦੀਆਂ ਕੀਮਤਾਂ ਦੀ ਵਿਆਪਕ ਸਮੀਖਿਆ ਦੇ ਨਿਰਦੇਸ਼ ਦਿੱਤੇ ਸਨ ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੂੰ ਦੱਸਿਆ ਕਿ ਸਰਕਾਰ ਕੈਂਸਰ ਦਵਾਈਆਂ ਦੀ ਇੱਕ ਸੂਚੀ ਨੂੰ ਨੋਟੀਫਾਈ ਕਰੇਗੀ ਜਿਸ 'ਤੇ ਮੁਨਾਫ਼ੇ ਦੀ ਸੀਮਾ ਲਾਗੂ ਹੋਵੇਗੀ।

-----------------------------------------------------------

ਜੰਮੂ-ਕਸ਼ਮੀਰ ਦਾ ਕਿਸ਼ਤਵਾੜ ਜ਼ਿਲ੍ਹਾ ਪ੍ਰਧਾਨ ਮੰਤਰੀ ਧਨ DHANYA ਕ੍ਰਿਸ਼ੀ ਯੋਜਨਾ ਤਹਿਤ ਸਿੰਜਾਈ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਵਿੱਚ ਆਪਣੀ ਮਿਸਾਲੀ ਕਾਰਗੁਜ਼ਾਰੀ ਲਈ ਦੇਸ਼ ਦੇ 100 ਜ਼ਿਲ੍ਹਿਆਂ ਵਿੱਚੋਂ ਪਹਿਲੇ ਸਥਾਨ 'ਤੇ ਏ । ਇਸ ਯੋਜਨਾ ਦਾ ਇੱਕ ਸਾਲ ਪੂਰਾ ਹੋਣ ਦੇ ਮੌਕੇ 'ਤੇ, ਨਵੀਂ ਦਿੱਲੀ ਦੇ ਪੂਸਾ ਵਿਖੇ ਰਾਸ਼ਟਰੀ ਖੇਤੀਬਾੜੀ ਵਿਗਿਆਨ ਕੰਪਲੈਕਸ ਵਿਖੇ ਹੋਏ ਇੱਕ ਸਮਾਰੋਹ ਵਿੱਚ,  ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਪਵਨ ਕੋਤਵਾਲ ਅਤੇ ਮੁੱਖ ਖੇਤੀਬਾੜੀ ਅਧਿਕਾਰੀ ਕੁਸ਼ਲ ਚੰਦੇਲ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਉੱਤਮਤਾ ਦਾ ਪ੍ਰਮਾਣ ਪੱਤਰ ਹਾਸਿਲ ਕੀਤਾ।

-----------------------------------------------------------

ਭਾਰਤ ਨੇ ਮਾਨਵਤਾ ਵਿਰੁਧ ਅਪਰਾਧਾਂ ਦੇ ਬਰਾਬਰ ਦਹਿਸ਼ਤਗਰਦ ਗਤੀਵਿਧੀਆਂ ਨੂੰ ਅਜਿਹੇ ਅਪਰਾਧਾਂ ਦੀ ਰੋਕਥਾਮ ਅਤੇ ਇਹਨਾਂ ਲਈ ਸਜ਼ਾ 'ਤੇ ਤਜਵੀਜ਼ਸ਼ੁਦਾ ਅੰਤਰਰਾਸ਼ਟਰੀ ਸੰਧੀ ਤਹਿਤ ਸ਼ਾਮਿਲ ਕਰਨ ਦੀ ਮੰਗ ਕੀਤੀ ਏ । ਸੰਯੁਕਤ ਰਾਸ਼ਟਰ ਮਹਾਸਭਾ ਦੀ ਛੇਵੀਂ ਕਮੇਟੀ ਵਿੱਚ ਬੋਲਦੇ ਹੋਏ, ਭਾਰਤ ਦੇ ਸੰਯੁਕਤ ਰਾਸ਼ਟਰ ਮਿਸ਼ਨ ਦੇ ਕੌਂਸਲਰ, ਆਰ. ਮੈਥਿਲੀ ਨੇ ਕਿਹਾ ਕਿ ਇਸ ਮੁੱਦੇ ਨੂੰ ਤਜਵੀਜ਼ਸ਼ੁਦਾ ਢਾਂਚੇ ਮੁਤਾਬਿਕ ਹੱਲ ਕੀਤਾ ਜਾਣਾ ਚਾਹੀਦਾ ਏ। ਇਸ ਸੰਧੀ ਨੂੰ 2028 ਵਿੱਚ ਇੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਅਪਣਾਏ ਜਾਣ ਦੀ ਉਮੀਦ ਏ।

---

ਡੈਨਮਾਰਕ ਓਪਨ ਬੈਡਮਿੰਟਨ ਟੂਰਨਾਮੈਂਟ ਅੱਜ ਓਡੇਂਸੇ ਵਿੱਚ ਸ਼ੁਰੂ ਹੋ ਰਿਹਾ ਏ। ਦੋ ਵਾਰ ਦੀ ਓਲੰਪਿਕ ਤਮਗਾ ਜੇਤੂ, ਪੀ.ਵੀ. ਸਿੰਧੂ, ਔਰਤਾਂ ਦੇ ਸਿੰਗਲਜ਼ ਦੇ 'ਰਾਊਂਡ ਆਫ਼ 32' ਵਿੱਚ, ਓਲੰਪਿਕ ਚੈਂਪੀਅਨ ਅਤੇ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਦੱਖਣੀ ਕੋਰੀਆ ਦੀ ਆਨ ਸੇ-ਯੰਗ ਖਿਲਾਫ ਖੇਡੇਗੀ। ਤਨਵੀ ਸ਼ਰਮਾ ਦਾ ਮੁਕਾਬਲਾ ਜਾਪਾਨ ਦੀ ਨਾਤਸੁਕੀ Nidaira ਨਾਲ ਹੋਵੇਗਾ। ਅਸ਼ਮਿਤਾ ਚਾਲਿਹਾ, ਦੇਵਿਕਾ ਸਿਹਾਗ ਅਤੇ ਉਨਤੀ ਹੁੱਡਾ ਅੱਜ ਆਪੋ-ਆਪਣੇ ਪ੍ਰੀ-ਕੁਆਰਟਰ ਫਾਈਨਲ ਮੈਚ ਖੇਡਣਗੀਆਂ।

ਮਰਦਾਂ ਦੇ ਸਿੰਗਲਜ਼ ਵਿੱਚ, ਲਕਸ਼ਯ ਸੇਨ ਅਤੇ ਸਾਬਕਾ ਵਿਸ਼ਵ ਨੰਬਰ ਇੱਕ ਕਿਦਾਂਬੀ ਸ੍ਰੀਕਾਂਤ ਅੱਜ 'ਰਾਊਂਡ ਆਫ਼ 32' ਵਿੱਚ ਆਪੋ-ਆਪਣੇ ਚੁਣੌਤੀ ਪੇਸ਼ ਕਰਨਗੇ।

ਆਯੁਸ਼ ਸ਼ੈਟੀ ਦਾ ਮੈਚ ਕੱਲ੍ਹ ਹੋਵੇਗਾ। ਮਰਦਾਂ ਦੇ ਡਬਲਜ਼ ਵਿੱਚ, ਸਾਤਵਿਕਸਾਈਰਾਜ ਰੰਕੀਰੇਡੀ ਅਤੇ ਚਿਰਾਗ ਸ਼ੈੱਟੀ ਵੀ ਕੱਲ੍ਹ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ।

---

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਛੇ ਰਾਜਾਂ ਲਈ ਰਾਜਪਾਲ ਨਿਯੁਕਤ ਕੀਤੇ ਨੇ।

- ਭਾਰਤ ਅੱਜ ਨਵੀਂ ਦਿੱਲੀ ਵਿੱਚ BIMSTEC ਗ੍ਰਿਹ ਮੰਤਰੀਆਂ ਦੀ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ।

- ਚੋਣ ਕਮਿਸ਼ਨ ਨੇ ਸਾਰੇ ਯੋਗ ਵੋਟਰਾਂ ਦਾ ਨਾਂ ਵੋਟਰ ਸੂਚੀ 'ਚ ਯਕੀਨੀ ਬਣਾਉਣ ਲਈ ਦੇਸ਼ ਭਰ 'ਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ।

- ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਨੇੜੇ ਘੁਸਪੈਠ ਦੀ ਕੋਸ਼ਿਸ਼ ਦੌਰਾਨ ਹੋਏ ਬਾਰੂਦੀ ਸੁਰੰਗ ਧਮਾਕੇ ਵਿੱਚ ਲਸ਼ਕਰ-ਏ-ਤਾਇਬਾ ਦੇ ਇੱਕ ਚੋਟੀ ਦੇ ਕਮਾਂਡਰ ਸਮੇਤ ਚਾਰ ਦਹਿਸ਼ਤਗਰਦ ਮਾਰੇ ਗਏ।

- ਡੈਨਮਾਰਕ ਓਪਨ ਬੈਡਮਿੰਟਨ ਟੂਰਨਾਮੈਂਟ ਅੱਜ ਓਡੇਂਸ ਵਿਖੇ ਸ਼ੁਰੂ ਹੋ ਰਿਹਾ ਏ।

--------------------------------------------------

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**